**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | punjabtrainings2011@gmail.com |


**ਵੱਲ**

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

**ਮੀਮੋ ਨੰ:SSA/ASPD/TT/ /2010-11/17184**
**ਮਿਤੀ ਚੰਡੀਗੜ੍ਹ 25.02.2011**

**ਵਿਸ਼ਾ:- ਸਾਲ 2010-11 ਦੌਰਾਨ ਨਵੇਂ ਭਰਤੀ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਇੰਡਕਸ਼ਨ ਟ੍ਰੇਨਿੰਗ ਸੰਬੰਧੀ।**

**1.0** ਸਾਲ 2010-11 ਦੋਰਾਨ ਨਵੀਂ ਭਰਤੀ ਹੋਣ ਵਾਲੇ ਅਧਿਆਪਕਾਂ ਲਈ PAB ਵਿੱਚ 100 ਰੁ ਪ੍ਰਤੀ ਅਧਿਆਪਕ ਪ੍ਰਤੀ ਦਿਨ ਦੇ ਹਿਸਾਬ ਨਾਲ ਮੰਨਜੂਰ ਹੋਏ ਹਨ। ਇਸ ਟ੍ਰੇਨਿੰਗ ਦਾ ਮੰਤਵ ਵਿਭਾਗ ਵਿੱਚ ਆਏ ਨਵੇਂ ਅਧਿਆਪਕਾਂ ਨੂੰ ਵਿਭਾਗ ਅਤੇ ਵਿਦਿਅਕ ਗਤੀਵਿਧੀਆਂ ਬਾਰੇ ਜਾਣੂ ਕਰਵਾਉਣਾ ਹੈ।

**2.0** ਸਰਵ ਸਿੱਖਿਆ ਅਭਿਆਨ ਅਧੀਨ ਨਵੇਂ ਨਿਯੁਕਤ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਲਦ ਹੀ ਜੁਆਈਨਿੰਗ ਦੀ ਪ੍ਰਕਿਰਿਆ ਵੀ ਪੂਰੀ ਹੋਣ ਜਾ ਰਹੀ ਹੈ ।

**3.0** ਕੇਵਲ ਅੰਗਰੇਜ਼ੀ ਅਤੇ ਮੈਥ ਵਿਸ਼ੇ ਦੇ ਨਵ- ਨਿਯੁਕਤ ਅਧਿਆਪਕਾਂ ਨੂੰ ਤਿੰਨ ਰੋਜ਼ਾ ਵਿਸ਼ਾਵਾਰ ਟ੍ਰੇਨਿੰਗ ਕਰਵਾਈ ਜਾਣੀ ਹੈ।ਇਹ ਟ੍ਰੇਨਿੰਗ ਮਿਤੀ:03.03.2011 ਤੋਂ05.03.2011 ਤੱਕ ਜਿਲ੍ਹਾ ਪੱਧਰ ਤੇ ਕਰਵਾਈ ਜਾਣੀ ਹੈ।ਇਹ ਟ੍ਰੇਨਿੰਗ ਮੁੱਖ ਦਫ਼ਤਰ ਵਲੋਂ ਟ੍ਰੇਨਡ ਅੰਗਰੇਜ਼ੀ ਮਾਸਟਰ ਟ੍ਰੇਨਰਜ਼/ਮੈਥ ਮਾਸਟਰ ਟ੍ਰੇਨਰਜ਼ ਵਲੋਂ ਕਰਵਾਈ ਜਾਵੇਗੀ।

**4.0** ਇਸ ਟ੍ਰੇਨਿੰਗ ਦੀ ਸਮਾਂ ਸਾਰਨੀ ਸਮੂਹ ਜਿਲ੍ਹਿਆ ਦੇ ਸਬੰਧਤ ਅੰਗਰੇਜ਼ੀ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਅਤੇ ਮੈਥ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਵਲੋਂ ਮੁੱਹਈਆ ਕਰਵਾਈ ਜਾਵੇਗੀ।ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਹੋਵੇਗਾ।

**5.0** ਸਮੂਹ ਨਵ- ਨਿਯੁਕਤ ਅਧਿਆਪਕਾਂ ਨੂੰ 10 ਮਾਰਚ 2011 ਤੋਂ 29 ਮਾਰਚ 2011 ਤੱਕ 15 ਦਿਨਾਂ ਦੀ ਇੰਡਕਸ਼ਨ ਟ੍ਰੇਨਿੰਗ ਕਰਵਾਈ ਜਾਵੇਗੀ ਇਹ ਟ੍ਰੇਨਿੰਗ ਸਮੂਹ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਸਬੰਧਤ ਜਿਲ੍ਹਾ ਸਿੱਖਲਾਈ ਸੰਸਥਾਵਾਂ ਵਲੋਂ ਸੁਝਾਏ ਅਤੇ ਮੁੱਖ ਦਫ਼ਤਰ ਵਲੋਂ ਟ੍ਰੇਨਡ ਕੀਤੇ ਰਿਸੋਰਸ ਪਰਸਨ ਵਲੋਂ ਜਿਲ੍ਹਾ ਪੱਧਰ ਤੇ ਕਰਵਾਈ ਜਾਣੀ ਹੈ ।

**6.0** ਉਪਰੋਕਤ ਟ੍ਰੇਨਿੰਗਜ਼ ਦਾ ਮਾਈਕਰੋ ਪਲਾਨ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਸਬੰਧਤ ਡਾਇਟਸ ਵਲੋਂ (ਨਵ- ਨਿਯੁਕਤ ਅਧਿਆਪਕਾਂ ਦੀਆਂ ਸੂਚੀਆਂ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿ) ਵਲੋਂ ਪ੍ਰਾਪਤ ਕਰਨ ਉਪਰੰਤ ) ਜਲਦ ਤੋਂ ਜਲਦ ਤਿਆਰ ਕਰ ਕੇ ਮੁੱਖ ਦਫ਼ਤਰ ਨੂੰ ਪੁੱਜਦਾ ਕੀਤਾ ਜਾਵੇ ਅਤੇ ਇਸ ਦੀ ਇੱਕ ਕਾਪੀ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿ) ਨੂੰ ਵੀ ਮੁੱਹਈਆ ਕਰਵਾਈ ਜਾਵੇ।

**7.0** ਨਿਮਨਹਸਤਾਖਰ ਦੀ ਪ੍ਰਵਾਨਗੀ ਤੋਂ ਬਿਨਾ ਮਾਈਕਰੋ ਪਲਾਨ ਵਿੱਚ ਕੋਈ ਤਬਦੀਲੀ ਨਾ ਕੀਤੀ ਜਾਵੇ।

**8.0** ਉਪਰੋਕਤ ਟ੍ਰੇਨਿੰਗਜ਼ ਦੀ ਮੋਨੀਟਰਿੰਗ ਸਬੰਧਤ ਮੰਡਲ ਸਿੱਖਿਆ ਅਫਸਰ (ਫਰੀਦਕੋਟ, ਨਾਭਾ, ਜਲੰਧਰ), ਸਬੰਧਤ ਜਿ.ਸਿੱ.ਅ (ਸੈ.ਸਿ), ਸਬੰਧਤ ਪ੍ਰਿੰਸੀਪਲ GISTCs/DIETs ਅਤੇ ਮੁੱਖ ਦਫਤਰ ਦੇ ਅਧਿਕਾਰੀਆਂ ਵਲੋ ਕੀਤੀ ਜਾਵੇਗੀ। ਵਿਸ਼ਾਵਾਰ ਟ੍ਰੇਨਿੰਗਜ਼ ਦੀ ਮੋਨੀਟਰਿੰਗ EPDCs/MPDC ਵਲੋਂ ਵੀ ਕੀਤੀ ਜਾਵੇਗੀ।

**9.0** ਟ੍ਰੇਨਿੰਗ ਲੈਣ ਆਏ ਅਧਿਆਪਕਾਂ ਨੂੰ ਮੂਲ ਸਹੂਲਤਾਂ ਜਿਵੇਂ ਕੀ ਪੀਣ ਦਾ ਪਾਣੀ, ਬੈਠਣ ਦਾ ਉੱਚਿਤ ਪ੍ਰਬੰਧ ਅਤੇ ਬਿਜਲੀ ਅਦਿ ਮੁਹੱਈਆ ਕਰਵਾਏ ਜਾਣਾ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਸਬੰਧਤ ਜਿਲ੍ਹਾ ਸਿੱਖਲਾਈ ਸੰਸਥਾਵਾਂ ਦੀ ਹੋਵੇਗੀ।

**10.0** ਸਬੰਧਤ ਅਧਿਆਪਕਾਂ ਨੂੰ ਸੂਚਿਤ ਕਰਨਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਜਿੰਮੇਵਾਰੀ ਹੋਵੇਗੀ।

**11.0** ਸਬੰਧਤ ਅਧਿਆਪਕਾਂ ਦੀ ਡਿਊਟੀ ਸਲਾਨਾ ਪ੍ਰੀਖਿਆਵਾਂ ਵਿੱਚ ਨਾ ਲਗਾਈ ਜਾਵੇ।

**12.0** ਉਪਰੋਕਤ ਟ੍ਰੇਨਿੰਗ ਦਾ ਖਰਚਾ ਸਰਵ ਸਿੱਖਿਆ ਅਭਿਆਨ ਦੇ ਟੀਚਰ ਟ੍ਰੇਨਿੰਗ ਫੰਡ ਵਿੱਚੋਂ ਨਿਯਮਾਂ ਅਨੁਸਾਰ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010/** **ਮਿਤੀ:**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ

1. ਸਮੂਹ ਪ੍ਰਿੰਸੀਪਲGISTCs ਅਤੇ DIETs (ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ,ਫਤਿਹਗੜ੍ਹ ਸਾਹਿਬ)(Web
2. ਮੰਡਲ ਸਿੱਖਿਆ ਅਫਸਰ (ਨਾਭਾ,ਫਰੀਦਕੋਟ,ਜਲੰਧਰ) (Web Site ਰਾਹੀ)
3. ਸਮੂਹ ਅੰਗਰੇਜ਼ੀ ਪ੍ਰੋਜੈਕਟ ਜਿਲ੍ਹਾ ਕੋਆਰਡੀਨਟਰ (Web Site ਰਾਹੀ)
4. ਸਮੂਹ ਮੈਥ ਪ੍ਰੋਜੈਕਟ ਜਿਲ੍ਹਾ ਕੋਆਰਡੀਨੇਟਰ (Web Site ਰਾਹੀ)
5. ਸਮੂਹ ਸਕੂਲ ਮੁੱਖੀ (Web Site ਰਾਹੀ)
6. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**